# ਮਾਡਲ ਟੈਸਟ ਪੇਪਰ

## ਸ਼੍ਰੇਣੀ - ਬਾਰ੍ਹਵੀਂ

## ਵਿਸ਼ਾ - ਸੰਗੀਤ (ਨ੍ਰਿਤ)

## ਸੈਸ਼ਨ - 2022-2023

ਸਮਾਂ - 3 ਘੰਟੇ ਕੁਲ ਅੰਕ - 45

### ਭਾਗ – ੳ

1 ਤੋਂ 11 ਤੱਕ ਵਸਤੂਨਿਸ਼ਠ ਪ੍ਰਸ਼ਨ,12 ਤੋਂ 17 ਖਾਲੀ ਥਾਵਾਂ,18 ਤੋਂ 23 ਤੱਕ ਸਹੀ/ਗ਼ਲਤ ਪ੍ਰਸ਼ਨ ਪੁੱਛੇ ਜਾਣਗੇ। ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। ਹਰੇਕ ਪ੍ਰਸ਼ਨ 1ਅੰਕ ਦਾ ਹੋਵੇਗਾ।

(ਕ) ਵਸਤੂਨਿਸ਼ਠ ਪ੍ਰਸ਼ਨ (ਉੱਤਰ ਇੱਕ ਸ਼ਬਦ ਜਾਂ ਇੱਕ ਲਾਈਨ ਵਿੱਚ)

1. ਲੈਅ ਤੇ ਕਿੰਨੇ ਪ੍ਰਕਾਰ ਹੁੰਦੇ ਹਨ?
2. ਉਦੇਅ ਸ਼ੰਕਰ ਕਿਸ ਨ੍ਰਿਤ ਨਾਲ ਸੰਬੰਧ ਰੱਖਦੇ ਸਨ?
3. ਸ਼ਿੰਗਾਰ ਰਸ ਤੋਂ ਤੁਹਾਡਾ ਕੀ ਭਾਵ ਹੈ?
4. ਉੱਤਰ ਭਾਰਤ ਦਾ ਪ੍ਰਸਿੱਧ ਸ਼ਾਸਤਰੀ ਨ੍ਰਿਤ ਦਾ ਨਾਮ ਦੱਸੋ।
5. ਅੰਜਲੀ ਮੁਦਰਾ ਕਿਸਨੂੰ ਕਹਿੰਦੇ ਹਨ?
6. ਮੁਦਰਾ ਸ਼ਬਦ ਦਾ ਕੀ ਅਰਥ ਹੈ?
7. ਤਿੰਨਤਾਲ ਵਿੱਚ ਕਿੰਨੀਆਂ ਮਾਤਰਾਵਾਂ ਹੁੰਦੀਆਂ ਹਨ?
8. ਝਪਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?
9. ਝੱਪਤਾਲ ਵਿੱਚ ਕੋਈ ਇੱਕ ਤਿਹਾਈ ਲਿਖੋ
10. ਤਿੰਨਤਾਲ ਵਿੱਚ ਕਿੰਨੇ ਵਿਭਾਗ ਹੁੰਦੇ ਹਨ?
11. ਤਿੰਨਤਾਲ ਕਿਸ ਨਾਲ ਵਜਾਈ ਜਾਂਦੀ ਹੈ? (11X1=11)

(ਖ) ਖਾਲੀ ਥਾਵਾਂ

12. ਠੇਕਾ ਨੂੰ _____ ਵੀ ਕਹਿੰਦੇ ਹਨ।
13. ਕਵਿਤ ਦਾ ਮਤਲਬ _________ ਹੁੰਦਾ ਹੈ।
14. ਪਰਨ ਨੂੰ _________ ਵੀ ਕਹਿੰਦੇ ਹਨ।
15. ਗਤ-ਨਿਕਾਸ ਦਾ ਅਰਥ ਹੈ ________
16. ਤਿੰਨਤਾਲ ਵਿੱਚ ______ ਖਾਲੀ ਦਾ ਬੋਲ ਹੁੰਦਾ ਹੈ।
17. ਝੱਪਤਾਲ ਵਿੱਚ ਦੂਜੀ ਮਾਤਰਾ ਤੇ ______ ਬੋਲ ਆਉਂਦਾ ਹੈ। (6x1=6)

(ਗ) ਸਹੀ/ਗ਼ਲਤ

18. ਭਰਤਨਾਟੀਅਮ ਪੰਜਾਬ ਦਾ ਲੋਕ ਨਾਚ ਹੈ।
19. ਉਦੇਅ ਸ਼ੰਕਰ ਜੀ ਇੱਕ ਤਬਲਾ ਵਾਦਕ ਸਨ।
20. ਰਸ ਅਤੇ ਭਾਵ ਦਾ ਨ੍ਰਿਤ ਵਿੱਚ ਇੱਕ ਅਹਿਮ ਸਥਾਨ ਹੈ।
21. ਤਿੰਨਤਾਲ ਦੀ ਸੱਤਵੀਂ ਮਾਤਰਾ ਤੇ ਧਿਨ ਬੋਲ ਆਉਂਦਾ ਹੈ।
22. ਝੱਪਤਾਲ ਨੂੰ ਤਬਲੇ ਉੱਤੇ ਵਜਾਇਆ ਜਾਂਦਾ ਹੈ।
23. ਤਿੰਨਤਾਲ ਵਿੱਚ ਕੋਈ ਟੁਕੜਾ ਨਹੀਂ ਵਜਾਇਆ ਜਾਂਦਾ। (6x1=6)

### ਭਾਗ - ਅ

24 ਤੋਂ 31 ਤੱਕ 8 ਸੰਖੇਪਾਤਮਕ ਪ੍ਰਸ਼ਨ ਪੁੱਛੇ ਜਾਣਗੇ। ਜਿਨ੍ਹਾਂ ਵਿੱਚੋਂ ਕੋਈ 6 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 10-15 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 2 ਅੰਕ ਦਾ ਹੋਵੇਗਾ।

24. ਲੋਕ ਨਾਚ ਤੋਂ ਤੁਹਾਡਾ ਕੀ ਅਰਥ ਹੈ?
25. ਚੱਕਰਦਾਰ ਪਰਨ ਬਾਰੇ ਸੰਖੇਪ ਵਿੱਚ ਲਿਖੋ।
26. ਕਰਕਟ ਮੁਦਰਾ ਬਾਰੇ ਸੰਖੇਪ ਵਿੱਚ ਲਿਖੋ।
27. ਹਸਤ ਮੁਦਰਾ ਬਾਰੇ ਲਿਖੋ।
28. ਕੱਥਕ ਨ੍ਰਿਤ ਬਾਰੇ ਤੁਸੀਂ ਕੀ ਜਾਂਦੇ ਹੋ, ਸੰਖੇਪ ਵਿੱਚ ਲਿਖੋ।
29. ਝੱਪਤਾਲ ਦਾ ਪਰਿਚੈ ਲਿਖੋ।
30. ਤਿੰਨਤਾਲ ਦਾ ਪਰਿਚੈ ਲਿਖੋ।
31. ਤਿੰਨਤਾਲ ਨੂੰ ਇੱਕਗੁਣ ਦੀ ਲੈਅਕਾਰੀ ਵਿੱਚ ਲਿਖੋ। (6x2=12)

### ਭਾਗ – ੲ

32-35 ਤੱਕ 4 ਨਿਬੰਧਾਤਮਕ ਪ੍ਰਸ਼ਨ ਪੁੱਛੇ ਜਾਣਗੇ, ਜਿਨ੍ਹਾਂ ਵਿੱਚੋਂ 2 ਪ੍ਰਸ਼ਨ ਕਰਨੇ ਲਾਜ਼ਮੀ ਹਨ। ਹਰੇਕ ਪ੍ਰਸ਼ਨ ਦਾ ਉੱਤਰ 150-200 ਲਾਈਨਾਂ ਵਿੱਚ ਹੋਣਾ ਚਾਹੀਦਾ ਹੈ। ਹਰੇਕ ਪ੍ਰਸ਼ਨ 5 ਅੰਕ ਦਾ ਹੋਵੇਗਾ।

32. ਉਦੇਅ ਸ਼ੰਕਰ ਜੀ ਦਾ ਜੀਵਨ ਪਰਿਚੈ ਲਿਖੋ।
33. ਭਰਤਨਾਟੀਅਮ ਸ਼ਾਸਤਰੀ ਨ੍ਰਿਤ ਬਾਰੇ ਵਿਸਥਾਰ ਪੂਰਵਕ ਲਿਖੋ।

Downloaded from cclchapter.com

34. ਝੱਪਤਾਲ ਨੂੰ ਇੱਕਗੁਣ ਅਤੇ ਦੁਗੁਣ ਵਿੱਚ ਲਿਖੋ।
35. ਤਿੰਨਤਾਲ ਵਿੱਚ ਇੱਕ ਥਾਟ, ਇੱਕ ਆਮਦ, ਦੋ ਟੁਕੜੇ ਤੇ ਇੱਕ ਸਲਾਮੀ ਲਿਖੋ। (2x5=10)